**ਡਾਇਰੈਕਟੋਰੇਟ**
**ਸਿਹਤ ਤੇ ਪਰਿਵਾਰ ਭਲਾਈ, ਪੰਜਾਬ, ਚੰਡੀਗੜ੍ਹ**
**(ਈ-1-ਸ਼ਾਖਾ)**

ਵੱਲ

1. ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ ਪੰਜਾਬ, ਚੰਡੀਗੜ੍ਹ।
2. ਡਾਇਰੈਕਟਰ, ਸਿਹਤ ਸੇਵਾਵਾਂ(ਸਥ), ਪੰਜਾਬ, ਚੰਡੀਗੜ੍ਹ।
3. ਡਾਇਰੈਕਟਰ, ਸਿਹਤ ਸੇਵਾਵਾਂ(ਫ.ਵ), ਪੰਜਾਬ, ਚੰਡੀਗੜ੍ਹ।
4. ਪ੍ਰਿੰਸੀਪਲ, ਰਾਜ ਸਿਹਤ ਤੇ ਪਰਿਵਾਰ ਭਲਾਈ ਸਿਖਲਾਈ, ਸੰਸਥਾ, ਮੋਹਾਲੀ।
5. ਸੰਯੁਕਤ ਕਮਿਸ਼ਨਰ, ਫੂਡ ਐਂਡ ਡਰੱਗਜ਼ ਐਡਮਨਿਸਟਰੇਸ਼ਨ, ਖਰੜ, ਪੰਜਾਬ।
6. ਡਾਇਰੈਕਟੋਰੇਟ ਦੀਆਂ ਸਮੂਹ ਸਾਖਾਵਾਂ ਦੇ ਸੁਪਰਡੰਟ ਸਹਿਬਾਨਾ ਨੂੰ।

ਮੀਮੋ ਨੰ: ਈ1(1)ਪੰ-17/ 13308-343
ਮਿਤੀ,ਚੰਡੀਗੜ੍ਹ: 15/11/17

ਵਿਸ਼ਾ:- **ਡਾਇਰੈਕਟੋਰੇਟ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ ਅਧੀਨ ਕੰਮ ਕਰਦੇ ਸੁਪਰਡੰਟ ਗ੍ਰੇਡ-2 ਦੀ ਮਿਤੀ 15-10-2017 ਤੱਕ ਦੀ ਸਥਿਤੀ ਅਨੁਸਾਰ ਫਾਈਨਲ ਸੀਨੀਆਰਤਾ ਸੂਚੀ ਜਾਰੀ ਕਰਨ ਬਾਰੇ।**

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

ਇਸ ਦਫਤਰ ਦੇ ਪੱਤਰ ਨੰ: ਈ1(1)-ਪੰ:17/12931-66, ਮਿਤੀ 30-10-2017 ਦੇ ਰਾਂਹੀ ਮੁੱਖ ਦਫਤਰ ਵਿਖੇ ਕੰਮ ਕਰਦੇ ਸੁਪਰਡੰਟ ਗ੍ਰੇਡ-2 ਦੀ ਮਿਤੀ 15-10-17 ਤੱਕ ਦੀ ਸਥਿਤੀ ਅਨੁਸਾਰ ਪ੍ਰੋਵੀਜਨਲ ਸੀਨੀਆਰਤਾ ਸੂਚੀ ਜਾਰੀ ਕੀਤੀ ਗਈ ਸੀ । ਇਸ ਪ੍ਰੋਵੀਜ਼ਨ ਸੀਨੀਆਰਤਾ ਸੂਚੀ ਨੂੰ ਫਾਈਨਲ ਸੀਨੀਆਰਤਾ ਸੂਚੀ ਦਾ ਰੂਪ ਦਿੰਦੇ ਹੋਏ, ਇਸ ਪੱਤਰ ਦੇ ਨਾਲ ਨੱਥੀ ਕਰਕੇ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਹ ਸੀਨੀਆਰਤਾ ਸੂਚੀ ਆਪਣੇ ਅਧੀਨ ਕੰਮ ਕਰਦੇ ਸਾਰੇ ਸੁਪਰਡੰਟ ਗ੍ਰੇਡ-2 ਨੂੰ ਨੋਟ ਕਰਵਾ ਦਿੱਤੀ ਜਾਵੇ ਅਤੇ ਸਾਰੇ ਕਰਮਚਾਰੀਆਂ ਪਾਸੋਂ ਉਹਨਾਂ ਦੇ ਨਾਵਾਂ ਸਾਹਮਣੇ ਦਿੱਤੇ ਸੇਵਾ ਪਰਟੀਕੂਲਰਜ਼ ਬਾਰੇ ਲਿਖਤੀ ਪ੍ਰਾਪਤੀ ਰਸੀਦ ਪ੍ਰਾਪਤ ਕੀਤੀ ਜਾਵੇ।

ਇਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਹ ਸੀਨੀਆਰਤਾ ਸੂਚੀ ਪੰਜਾਬ ਸਰਕਾਰ ਦੇ ਪੱਤਰ ਨੰ: 4/40/13-3ਪੀਪੀ.1/855 ਮਿਤੀ 10-10-14 ਰਾਹੀਂ ਜਾਰੀ ਕੀਤੀਆਂ ਹਦਾਇਤਾ ਅਨੁਸਾਰ ਰੋਸਟਰ ਪੁਆਇੰਟ ਨੂੰ ਸੀਨੀਆਰਤਾ ਪੁਆਇੰਟ ਨਾ ਮੰਨਦੇ ਹੋਏ ਜਾਰੀ ਕੀਤੀ ਗਈ ਹੈ।

ਇਸ ਪੱਤਰ ਦੀ ਪਹੁੰਚ ਰਸੀਦ ਅਤੇ ਨਾਲ ਹੀ ਇਹ ਸਰਟੀਫਿਕੇਟ ਵੀ ਭੇਜਿਆ ਜਾਵੇ ਕਿ ਆਪ ਦੀ ਸੰਸਥਾ/ਸਾਖਾ ਅਧੀਨ ਕੰਮ ਕਰਦੇ ਸੁਪਰਡੰਟ ਗ੍ਰੇਡ-2 ਦੇ ਸਾਰੇ ਕਰਮਚਾਰੀਆਂ ਨੂੰ ਇਹ ਸੀਨੀਆਰਤਾ ਸੂਚੀ ਨੋਟ ਕਰਵਾ ਦਿੱਤੀ ਗਈ ਹੈ।

13/11/17

(ਰਾਜਿੰਦਰ ਸਿੰਘ ਔਜਲਾ)
ਸੁਪਰਡੰਟ ਅਮਲਾ-1 ਸਾਖਾ